### GENERAL SHIVDEV SINGH DIWAN GURBACHAN SINGH

# KHALSA COLLEGE PATIALA

## OSA ACTIVITIES
### (SESSION 2017-2018)

- Annual OSA Meet was organised on **19 May, 2018** in which six distinguished alumni were awarded "College Ratan Award". Dr. Tara Singh Sandhu (Literature and Service to humanity), Dr. Avtar Singh (Academics), Mrs. Jagjit Kaur Bajwa (Academics), S. Onkar Singh (Sports), Sh. Madan Chouhan and Bibi Afshana Badal (Cultural activities). Old student Dr. Sukhjeet Singh Chahal, Surgeon in America graced the programme as chief guest.













19 ~~Dec~~ May, 2018

ਫੋਟੋ ਕੈਪਸ਼ਨ

ਖ਼ਾਲਸਾ ਕਾਲਜ, ਪਟਿਆਲਾ ਵੱਲੋਂ ਆਯੋਜਿਤ ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਸਾਲਾਨਾ ਮਿਲਣੀ ਸਮਾਗਮ ਦੌਰਾਨ 'ਕਾਲਜ ਰਤਨ' ਸਨਮਾਨ ਹਾਸਲ ਕਰਨ ਵਾਲੇ ਕਾਲਜ ਦੇ ਸਾਬਕਾ ਵਿਦਿਆਰਥੀ ਡਾ. ਸੁਖਜੀਤ ਸਿੰਘ ਚਹਿਲ, ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ, ਓ.ਐੱਸ.ਏ. ਦੇ ਜਰਨਲ ਸੈਕਟਰੀ ਪ੍ਰੋ. ਅੰਬਿਕਾ ਅਤੇ ਅਧਿਆਪਕ ਸਾਹਿਬਾਨ ਨਾਲ।

**ਖ਼ਾਲਸਾ ਕਾਲਜ ਪਟਿਆਲਾ ਦੀ ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਸਾਲਾਨਾ ਮਿਲਣੀ ਦੌਰਾਨ ਕਾਲਜ ਦੇ ਛੇ ਸਾਬਕਾ ਹੋਣਹਾਰ ਵਿਦਿਆਰਥੀ ਕਾਲਜ ਰਤਨ ਨਾਲ ਸਨਮਾਨਿਤ**

ਖ਼ਾਲਸਾ ਕਾਲਜ, ਪਟਿਆਲਾ ਵਿਖੇ ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਸਾਲਾਨਾ ਮਿਲਣੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਕਾਲਜ ਵੱਲੋਂ ਆਪਣੀ ਹਰ ਸਾਲ ਦੀ ਪ੍ਰਥਾ ਨੂੰ ਕਾਇਮ ਰੱਖਦੇ ਹੋਏ ਕਾਲਜ ਦੇ ਵੱਖ ਵੱਖ ਖੇਤਰਾਂ ਵਿੱਚ ਅਹਿਮ ਪ੍ਰਾਪਤੀਆਂ ਕਰਨ ਵਾਲੇ ਛੇ ਸਾਬਕਾ ਹੋਣਹਾਰ ਵਿਦਿਆਰਥੀਆਂ- ਡਾ. ਤਾਰਾ ਸਿੰਘ ਸੰਧੂ (ਸਾਹਿਤ ਅਤੇ ਸੇਵਾ), ਡਾ. ਅਵਤਾਰ ਸਿੰਘ (ਸਿੱਖਿਆ), ਸ੍ਰੀਮਤੀ ਜਗਜੀਤ ਕੌਰ ਬਾਜਵਾ (ਸਿੱਖਿਆ), ਸ. ਉਕਾਰ ਸਿੰਘ (ਖੇਡਾਂ), ਸ੍ਰੀ ਮਦਨ ਚੌਹਾਨ (ਸਭਿਆਚਾਰਕ) ਅਤੇ ਬੀਬਾ ਅਫਸ਼ਾਨਾ ਬਾਦਲ (ਸਭਿਆਚਾਰ) – ਨੂੰ ਕਾਲਜ ਰਤਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮਿਲਣੀ ਦੌਰਾਨ ਕਾਲਜ ਦੇ ਸਾਬਕਾ ਵਿਦਿਆਰਥੀ ਡਾ. ਸੁਖਜੀਤ ਸਿੰਘ ਚਹਿਲ, ਸਰਜਨ, ਅਮਰੀਕਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮਿਲਣੀ ਦੌਰਾਨ ਬਹੁ ਗਿਣਤੀ ਵਿੱਚ ਕਾਲਜ ਦੀ ਰੂਹ ਨਾਲ ਜੁੜੇ ਸਾਬਕਾ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਅਤੇ ਸੰਸਥਾ ਨਾਲ ਜੁੜੇ ਆਪਣੇ ਤਜਰਬਿਆਂ ਨੂੰ ਇਕ ਦੂਸਰੇ ਨਾਲ ਸਾਂਝਿਆ ਕੀਤਾ।

ਇਸ ਮੌਕੇ ਡਾ. ਸੁਖਜੀਤ ਸਿੰਘ ਚਹਿਲ, ਸਰਜਨ, ਅਮਰੀਕਾ ਨੇ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਕਾਲਜ ਵੱਲੋਂ ਸਥਾਪਤ ਕੀਤੀ ਗਈ ਓ.ਐੱਸ.ਏ. ਅਜਿਹਾ ਸਾਂਝਾ ਪਲੇਟਫਾਰਮ ਹੈ ਜਿੱਥੇ ਵੱਖ ਵੱਖ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਸੁਭਾਗ ਮਿਲਦਾ ਹੈ। ਉਨ੍ਹਾਂ ਨੇ ਦੂਰ-ਦੁਰਾਡੇ ਤੋਂ ਆਏ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ ਇਹ ਵੀ ਕਿਹਾ ਉਨ੍ਹਾਂ ਦਾ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਆਪਣੀ ਸੰਸਥਾ ਲਈ ਸਮਾਂ ਕੱਢਣ ਨਾਲ ਜਿਥੇ ਕਾਲਜ ਦਾ ਸਿਰ ਉੱਚਾ ਹੁੰਦਾ ਹੈ ਉੱਥੇ ਪੁਰਾਣੇ ਵਿਦਿਆਰਥੀਆਂ ਨੂੰ ਵੀ ਮਾਣ ਮਹਿਸੂਸ ਹੁੰਦਾ ਹੈ ਜਿਨ੍ਹਾਂ ਦੀ ਉੱਚੀਆਂ ਬੁਲੰਦੀਆਂ ਛੂੰਹਦੀ ਜ਼ਿੰਦਗੀ ਵਿੱਚ ਸਥਾਨਕ ਕਾਲਜ ਵੀ ਜੁੜਿਆ ਹੋਇਆ ਹੈ। ਡਾ. ਚਾਹਿਲ ਨੇ ਸਾਬਕਾ ਵਿਦਿਆਰਥੀਆਂ ਨੂੰ ਨਵੀਂ ਪੀੜ੍ਹੀ ਲਈ ਰੋਲ ਮਾਡਲ ਬਨਣ ਦੀ ਅਪੀਲ ਕੀਤੀ।

ਕਾਲਜ ਪ੍ਰਿੰਸੀਪਲ ਅਤੇ ਓ.ਐੱਸ.ਏ. ਦੇ ਸਰਪ੍ਰਸਤ ਡਾ. ਧਰਮਿੰਦਰ ਸਿੰਘ ਉੱਭਾ ਨੇ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਹਿੰਦੇ ਹੋਏ ਕਿਹਾ ਕਿ ਕਾਲਜ ਇਸ ਗੱਲ 'ਤੇ ਫ਼ਖਰ ਮਹਿਸੂਸ ਕਰਦਾ ਹੈ ਕਿ ਇਸ ਸੰਸਥਾ ਨਾਲ ਜੁੜੀਆਂ ਸ਼ਖ਼ਸੀਅਤਾਂ ਜਿਥੇ ਦੇਸ਼-ਵਿਦੇਸ਼ ਵਿੱਚ ਉੱਚੇ ਅਹੁੱਦਿਆਂ 'ਤੇ ਬਿਰਾਜਮਾਨ ਹਨ ਉੱਥੇ ਸਬੰਧਤ ਖੇਤਰਾਂ ਵਿੱਚ ਸਮਾਜ



■ ਕਾਲਜ, ਪਟਿਆਲਾ ਵਲੋਂ ਕਰਵਾਏ ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਸਾਲਾਨਾ ਮਿਲਣੀ ਸਮਾਗਮ ਦੌਰਾਨ 'ਕਾਲਜ ਰਤਨ' ਸਨਮਾਨ ਹਾਸਲ ਕਰਨ ਵਾਲੇ ਕਾਲਜ ਦੇ ਸਾਬਕਾ ਵਿਦਿਆਰਥੀ ਡਾ. ਸੁਖਜੀਤ ਸਿੰਘ ਚਹਿਲ, ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ, ਓ.ਐੱਸ.ਏ. ਦੇ ਜਰਨਲ ਸੈਕਟਰੀ ਪ੍ਰੋ. ਅੰਬਿਕਾ ਅਤੇ ਅਧਿਆਪਕ ਸਾਹਿਬਾਨ ਨਾਲ। ਅਜੀਤ ਤਸਵੀਰ

# ਖ਼ਾਲਸਾ ਕਾਲਜ ਦੀ ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਮਿਲਣੀ ਦੌਰਾਨ ਕਾਲਜ ਦੇ 6 ਵਿਦਿਆਰਥੀ ਕਾਲਜ ਰਤਨ ਨਾਲ ਸਨਮਾਨਿਤ

ਪਟਿਆਲਾ, 21 ਮਈ (ਗੁਰਵਿੰਦਰ ਸਿੰਘ ਔਲਖ)-ਖ਼ਾਲਸਾ ਕਾਲਜ, ਪਟਿਆਲਾ ਵਿਖੇ ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਸਾਲਾਨਾ ਮਿਲਣੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਕਾਲਜ ਵਲੋਂ ਆਪਣੀ ਹਰ ਸਾਲ ਦੀ ਪ੍ਰਥਾ ਨੂੰ ਕਾਇਮ ਰੱਖਦੇ ਹੋਏ ਕਾਲਜ ਦੇ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਛੇ ਸਾਬਕਾ ਹੋਣਹਾਰ ਵਿਦਿਆਰਥੀਆਂ- ਡਾ. ਤਾਰਾ ਸਿੰਘ ਸੰਧੂ (ਸਾਹਿਤ ਅਤੇ ਸੇਵਾ), ਡਾ. ਅਵਤਾਰ ਸਿੰਘ (ਸਿੱਖਿਆ), ਸ੍ਰੀਮਤੀ ਜਗਜੀਤ ਕੌਰ ਬਾਜਵਾ (ਸਿੱਖਿਆ), ਸ. ਉਕਾਰ ਸਿੰਘ (ਖੇਡਾਂ), ਸ੍ਰੀ ਮਦਨ ਚੌਹਾਨ (ਸਭਿਆਚਾਰਕ) ਅਤੇ ਬੀਬਾ ਅਫਸ਼ਾਨਾ ਬਾਦਲ (ਸਭਿਆਚਾਰ)-ਨੂੰ ਕਾਲਜ ਰਤਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮਿਲਣੀ ਦੌਰਾਨ ਕਾਲਜ ਦੇ ਸਾਬਕਾ ਵਿਦਿਆਰਥੀ ਡਾ. ਸੁਖਜੀਤ ਸਿੰਘ ਚਹਿਲ, ਸਰਜਨ, ਅਮਰੀਕਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮਿਲਣੀ ਦੌਰਾਨ ਬਹੁ ਗਿਣਤੀ ਵਿਚ ਕਾਲਜ ਨਾਲ ਜੁੜੇ ਸਾਬਕਾ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਅਤੇ ਸੰਸਥਾ ਨਾਲ ਜੁੜੇ ਆਪਣੇ ਤਜਰਬਿਆਂ ਨੂੰ ਇਕ ਦੂਸਰੇ ਨਾਲ ਸਾਂਝਾ ਕੀਤਾ। ਇਸ ਮੌਕੇ ਡਾ: ਸੁਖਜੀਤ ਸਿੰਘ ਚਹਿਲ, ਸਰਜਨ, ਅਮਰੀਕਾ ਨੇ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਕਾਲਜ ਵਲੋਂ ਸਥਾਪਤ ਕੀਤੀ ਗਈ ਓ.ਐੱਸ.ਏ. ਅਜਿਹਾ ਸਾਂਝਾ ਪਲੇਟਫ਼ਾਰਮ ਹੈ ਜਿੱਥੇ ਵੱਖ ਵੱਖ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਸੁਭਾਗ ਮਿਲਦਾ ਹੈ। ਕਾਲਜ ਪ੍ਰਿੰਸੀਪਲ ਅਤੇ ਓ.ਐੱਸ.ਏ. ਦੇ ਸਰਪ੍ਰਸਤ ਡਾ. ਧਰਮਿੰਦਰ ਸਿੰਘ ਉੱਭਾ ਨੇ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਹਿੰਦੇ ਹੋਏ ਕਿਹਾ ਕਿ ਕਾਲਜ ਇਸ ਗੱਲ 'ਤੇ ਫ਼ਖਰ ਮਹਿਸੂਸ ਕਰਦਾ ਹੈ ਕਿ ਇਸ ਸੰਸਥਾ ਨਾਲ ਜੁੜੀਆਂ ਸ਼ਖ਼ਸੀਅਤਾਂ ਜਿੱਥੇ ਦੇਸ਼-ਵਿਦੇ[ਸ਼] ਵਿਚ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹਨ। ਇਸ ਮੌਕੇ ਪ੍ਰੋ. ਅੰਬਿਕਾ, ਓ.ਐੱਸ.ਏ. ਦੇ ਜਰਨਲ ਸੈਕਟਰੀ, ਨੇ ਐਸੋਸੀਏਸ਼ਨ ਨਾਲ ਸਬੰਧਿਤ ਸਾਲਾਨਾ ਰਿਪੋਰਟ ਪੜ੍ਹੀ ਅਤੇ ਓ.ਐੱਸ.ਏ. ਦੇ ਨਵੇਂ ਬਣੇ ਮੈਂਬਰ ਅਤੇ ਮਾਇਕ ਸਹਾਇਤਾ ਦੇਣ ਵਾਲੇ ਮੈਂਬਰਾਂ ਦਾ ਧੰਨਵਾਦ ਕੀਤਾ। ਡਾ. ਮੰਜੂ ਮਿੱਤਲ, ਜੁਆਇੰਟ ਸੈਕਟਰੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਓ.ਐੱਸ.ਏ. ਕੋਆਰਡੀਨੇਟਰ ਪ੍ਰੋ. ਜਸਪ੍ਰੀਤ ਕੌਰ ਦੇ ਅਹਿਮ ਯਤਨਾਂ ਸਦਕਾ ਇਹ ਓ.ਐੱਸ.ਏ. ਮੀਟ ਯਾਦਗਾਰੀ ਹੋ ਨਿਬੜੀ।

ਨਸ਼ੀਲੇ ਪਦਾਰਥ ਸਮੇਤ